**ਪੰਜਾਬ ਸਰਕਾਰ**
**ਮੈਡੀਕਲ ਸਿੱਖਿਆ ਤੇ ਖੋਜ ਵਿਭਾਗ**
**(ਸਿਹਤ-3 ਸ਼ਾਖਾ)**

**ਹੁਕਮ**

ਵਿਭਾਗੀ ਤਰੱਕੀ ਕਮੇਟੀ ਦੀਆਂ ਸ਼ਿਫਾਰਸਾ **ਮਿਤੀ** 10-07-2013 ਦੇ ਸਨਮੁੱਖ ਸਰਕਾਰੀ ਡੈਂਟਲ ਕਾਲਜ, ਅੰਮ੍ਰਿਤਸਰ / ਪਟਿਆਲਾ ਵਿਖੇ ਕੰਮ ਕਰ ਰਹੇ ਹੇਠ ਦਰਸਾਏ ਡਿਮਾਂਸਟਰੇਟਰ (ਡੈਂਟਲ) ਨੂੰ (ਤਨਖਾਹ ਸਕੇਲ ਰੁਪਏ 37,400-67,000 + 86,00 ਗਰੇਡ ਪੇ) ਵਿੱਚ ਬਤੌਰ ਸਹਾਇਕ ਪ੍ਰੋਫੈਸਰ ਡੈਂਟਿਸਟਰੀ ਪੱਦ ਉਨੱਤ ਕੀਤਾ ਜਾਂਦਾ ਹੈ: -

1. ਡਾਕਟਰ ਹਰਮੇਸ਼ ਸ਼ਰਮਾਂ
2. ਡਾਕਟਰ ਨਿਤਿਨ ਵਰਮਾਂ
3. ਡਾਕਟਰ ਪੁਨੀਤ ਗਿਰਧਰ
4. ਡਾਕਟਰ ਬਲਜੀਤ ਕੁਮਾਰ
5. ਡਾਕਟਰ ਨ੍ਰਿਪਜੀਤ ਕੌਰ
6. ਡਾਕਟਰ ਸਰਬਜੀਤ ਕੌਰ

2. ਇਹਨਾਂ ਉਕਤ ਪੱਦ ਉੱਨਤ ਹੋਏ ਸਹਾਇਕ ਪ੍ਰੋਫੈਸਰਾਂ ਦੀਆਂ ਪੱਦ ਉੱਨਤੀਆਂ ਹੇਠ ਦਰਸਾਈਆਂ ਸ਼ਰਤਾਂ ਤੇ ਹੋਣਗੀਆਂ: -

ੳ) ਇੱਕ ਸਾਲ ਦੇ ਪਰਖ ਸਮੇਂ ਤੇ ਰਹਿਣਗੇ ।

ਅ) ਪੰਜਾਬ ਡੈਂਟਲ ਐਜੂਕੇਸ਼ਨ ਸਰਵਿਸਜ਼ ਰੂਲ 1977 ਅਤੇ ਪੰਜਾਬ ਸਿਵਲ ਸਰਵਿਸਜ਼ (ਜਨਰਲ ਐਂਡ ਕਾਮਨ ਕੰਡਿਸ਼ਨ ਆਫ ਸਰਵਿਸ) ਰੂਲ, 1994 ਵਿੱਚ ਨਿਰਧਾਰਤ ਸ਼ਰਤਾਂ ਲਾਗੂ ਹੋਣਗੀਆਂ ।

ੲ) ਇਹ ਡਾਕਟਰ ਵੱਖ-ਵੱਖ ਅਦਾਲਤਾਂ ਵਿੱਚ ਚੱਲ ਰਹੇ ਕੋਰਟ ਕੇਸਾਂ ਵਿੱਚ ਹੋਣ ਵਾਲੇ ਫੈਸਲਿਆਂ ਜਾਂ ਰਿਕਾਰਡ ਦੇ ਆਧਾਰ ਤੇ ਜਾਂ ਕੋਈ ਹੋਰ ਨਵੇਂ ਤੱਥ ਕਿਸੇ ਅਧਿਕਾਰੀ ਬਾਰੇ ਸਰਕਾਰ ਦੇ ਧਿਆਨ ਵਿੱਚ ਆਉਂਦੇ ਹਨ ਤਾਂ ਉਸ ਨੂੰ ਹੇਠਲੀ ਆਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ ।

ਸ) ਇਹ ਹੁਕਮ 85ਵੀਂ ਸਵਿਧਾਨਕ ਸੋਧ ਨੂੰ ਲਾਗੂ ਕਰਨ ਬਾਰੇ ਸਰਕਾਰ ਵਲੋਂ ਲਏ ਗਏ ਫੈਸਲੇ ਦੇ ਆਧਾਰਿਤ ਹੋਣਗੇ ।

ਹ) ਜੇਕਰ ਕਿਸੇ ਅਧਿਕਾਰੀ ਵਿਰੁੱਧ ਭੈੜੇ ਕਥਨਾਂ ਬਾਰੇ ਜਾਂ ਵਿਭਾਗੀ ਕਾਰਵਾਈ ਆਦਿ ਦੇ ਚੱਲ ਰਹੇ ਕੇਸਾਂ ਬਾਰੇ ਸਰਕਾਰ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਕੀਤੀ ਪੱਦ-ਉੱਨਤੀ ਨੂੰ ਮੁੜ ਵਿਚਾਰਿਆ ਜਾਵੇਗਾ ।

ਕ) ਇਹ ਪੱਦ-ਉਨਤੀਆਂ ਪ੍ਰਬੰਧਕੀ ਜਰੂਰਤਾਂ ਦੇ ਆਧਾਰ ਤੇ ਮੁੜ ਵਿਚਾਰੀਆਂ ਜਾਂ ਸਕਦੀਆਂ ਹਨ ।

3. ਇਹ ਪੱਦ-ਉੱਨਤ ਡਾਕਟਰ ਆਪਣੀ ਹਾਜਰੀ ਰਿਪੋਰਟ ਤੁਰੰਤ ਆਪਣੇ ਪ੍ਰਿੰਸੀਪਲਾਂ ਨੂੰ ਦੇਣਗੇ।

**ਮਿਤੀ, ਚੰਡੀਗੜ੍ਹ:**
**12.07.2013**

**ਵਿਨੀ ਮਹਾਜਨ**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ**

ਪਿੱਠ ਅੰਕਣ ਨੰਬਰ : 1/29/2013-2ਸਸ3/ 3883-93 ਮਿਤੀ, ਚੰਡੀਗੜ੍ਹ : 12.07.2013

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ:-

1) ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ ।
2) ਮਹਾਂ ਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ ।
3) ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ ।
4) ਪ੍ਰਿੰਸੀਪਲ, ਸਰਕਾਰੀ ਡੈਂਟਲ ਕਾਲਜ, ਅੰਮ੍ਰਿਤਸਰ ।
5) ਪ੍ਰਿੰਸੀਪਲ, ਸਰਕਾਰੀ ਡੈਂਟਲ ਕਾਲਜ, ਪਟਿਆਲਾ ।
6) ਸਬੰਧਤ ਡਾਕਟਰ ।
7) ਨਿੱਜੀ ਸਕੱਤਰ / ਐਮ.ਈ.ਆਰ.ਐਮ
8) ਨਿੱਜੀ ਸਕੱਤਰ / ਪੀ.ਐਸ.ਐਮ.ਈ.ਆਰ
9) ਨਿੱਜੀ ਸਹਾਇਕ / ਐੱਸ.ਐੱਸ.ਐੱਮ.ਈ.ਆਰ
10) ਨਿੱਜੀ ਸਹਾਇਕ / ਯੂ.ਐੱਸ.ਐੱਮ.ਈ.ਆਰ.
11) ਰਿਕਾਰਡਰ / ਸਿਹਤ-3 ਸ਼ਾਖਾ

(ਮਨਮੋਹਨ ਸਿੰਘ)
**ਅਧੀਨ ਸਕੱਤਰ, ਮੈਡੀਕਲ ਸਿੱਖਿਆ ਤੇ ਖੋਜ**

*C:\Balram-2HBIII\Draft Order Eng & Pbi all Types\Draft Order (Pbi.)\D.P.C\Draft Order (Pbi) D.P.C.doc*